# ਮਿਤੀ 26-05-2019 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ: | ਮੁ ਨੰ:,ਮਿਤੀ ਜੁਰਮ, ਥਾਣਾ | ਮੁੱਦਈ ਦਾ ਨਾਮ ਅਤੇ ਪਤਾ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1) | ਮੁੱ:ਨੰ: 51<br>ਮਿਤੀ 26-05-19<br>ਅ/ਧ 346 IPC<br>ਥਾਣਾ ਸਦਰ ਅਹਿਮਦਗੜ | ਬੀਪਤ ਸ਼ਾਹ ਪੁੱਤਰ ਨਰੇਸ਼ ਸ਼ਾਹ ਕੌਮ ਸ਼ਾਹ ਵਾਸੀ ਪਮੰਜਾ ਥਾਣਾ ਸਦੀਰ ਨਗਰ ਜਿਲਾ ਬੇਗੁਸਰਾਈ (ਬਿਹਾਰ) ਹਾਲ ਆਬਾਦ ਜੀ.ਆਈ.ਐਸ ਫੈਕਟਰੀ ਅਕਬਰਪੁਰ ਛੰਨਾਂ ਮੋ:98767-12947 | ਨਾਮਲੂਮ ਵਿਅਕਤੀ/ਵਿਅਕਤੀਆਨ | ਮੁਦਈ ਮੁਕੱਦਮਾ ਦਾ ਲੜਕਾ ਗੁਲਸ਼ਨ ਕੁਮਾਰ ਜਿਸ ਦੀ ਉਮਰ ਕਰੀਬ 10 ਸਾਲ ਹੈ, ਮਿਤੀ 23.5.2019 ਨੂੰ ਵਕਤ ਕਰੀਬ 6-30 ਵਜੇ ਸੁਭਾ ਘਰ ਦੀ ਛੱਤ ਪਰ ਖੇਡ ਰਿਹਾ ਸੀ, ਪਰੰਤੂ ਜਦੋ ਮੁਦਈ ਮੁਕੱਦਮਾ ਦੀ ਘਰਵਾਲੀ ਇੰਦੂ ਦੇਵੀ ਆਪਣੇ ਲੜਕੇ ਗੁਲਸ਼ਨ ਕੁਮਾਰ ਨੂੰ ਛੱਤ ਤੋ ਉਤਾਰਨ ਲਈ ਛੱਤ ਪਰ ਗਈ ਤਾਂ ਉਸਨੇ ਦੇਖਿਆ ਕਿ ਉਸ ਦਾ ਲੜਕਾ ਗੁਲਸ਼ਨ ਕੁਮਾਰ ਉਥੇ ਨਹੀ ਸੀ।ਜਿਸ ਦੀ ਮੁਦਈ ਮੁਕੱਦਮਾ ਅਤੇ ਉਸਦੀ ਘਰਵਾਲੀ ਨੇ ਬਹੁਤ ਭਾਲ ਕੀਤੀ, ਪਰੰਤੂ ਲੜਕਾ ਨਹੀ ਮਿਲਿਆ।ਜਿਸ ਪਰ ਮੁਦਈ ਬੀਪਤ ਸ਼ਾਹ ਦੇ ਬਿਆਨ ਪਰ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। |
| 2) | ਮੁੱ:ਨੰ: 52<br>ਮਿਤੀ 26-05-19<br>ਅ/ਧ 223,224 IPC<br>ਥਾਣਾ ਸਦਰ ਅਹਿਮਦਗੜ | ਸ:ਥ: ਜਸਪਾਲ ਸਿੰਘ 1224/ਸੰਗ: ਮੋ:8054545817 | 1) ਹੌਲਦਾਰ ਕੁਲਦੀਪ ਸਿੰਘ 1604/ਸੰਗ:(ਨਾਇਟ ਮੁਨਸੀ ਥਾਣਾ ਸਦਰ ਅਹਿਮਦਗੜ)2) ਪੀ.ਐਚ.ਜੀ ਨਸੀਬ ਚੰਦ 48262 (ਸੰਤਰੀ) 3) ਦੋਸੀ ਦਲਜੀਤ ਸਿੰਘ ਪੁੱਤਰ ਲੇਟ ਬਲਵਿੰਦਰ ਸਿੰਘ ਵਾਸੀ ਕਿਰਾਏਦਾਰ ਘਨੌਰੀ ਵਾਲੇ ਸੇਰਪੁਰ ਰੋਡ ਧੂਰੀ | ਅੱਜ ਮਿਤੀ 26/05/2019 ਨੂੰ ਥਾਣਾ ਸਦਰ ਅਹਿਮਦਗੜ ਵਿੱਚ ਹੌਲਦਾਰ ਕੁਲਦੀਪ ਸਿੰਘ 1604/ਸੰਗ: ਬਤੌਰ ਨਾਇਟ ਮੁਨਸੀ ਅਤੇ ਪੀ.ਐਚ.ਜੀ ਨਸੀਬ ਚੰਦ 48262 ਬਤੌਰ ਸੰਤਰੀ ਡਿਊਟੀ ਤੇ ਤਾਇਨਾਦ ਸੀ। ਜੋ ਥਾਣਾ ਹਜਾ ਦੀ ਹਵਾਲਾਤ ਵਿੱਚ ਮੁਤੱਲਕਾ ਮੁਕੱਦਮਾ ਨੰਬਰ 42 ਮਿਤੀ 20/04/2019 ਅ/ਧ 379(ਬੀ),483,506,120(ਬੀ)201,34 ਆਈ.ਪੀ.ਸੀ 25/54/59 ਆਰਮਜ ਐਕਟ ਥਾਣਾ ਸਦਰ ਅਹਿਮਦਗੜ ਦਾ ਦੋਸੀ ਦਲਜੀਤ ਸਿੰਘ ਮਿਤੀ 27/05/2019 ਤੱਕ 5 ਦਿਨ ਦੀ ਪੁਲਿਸ ਰਿਮਾਡ ਵਿੱਚ ਬੰਦ ਹਵਾਲਾਤ ਥਾਣਾ ਸੀ। ਜੋ ਹੌਲਦਾਰ ਕੁਲਦੀਪ ਸਿੰਘ 1604/ਸੰਗ: ਅਤੇ ਪੀ.ਐਚ.ਜੀ ਨਸੀਬ ਚੰਦ 48262 ਬਿਨਾ ਕਿਸੇ ਨੂੰ ਦੱਸੇ ਪੁੱਛੇ ਦੋਸੀ ਨੂੰ ਹਵਾਲਾਤ ਵਿੱਚੋ ਬਾਹਰ ਕੱਢ ਲਿਆ ਅਤੇ ਦੋਸੀ ਦਲਜੀਤ ਸਿੰਘ ਉਕਤਾਨ ਕਰਮਚਾਰੀਆ ਦੀ ਅਣਗਿਲੀ ਅਤੇ ਲਾਪਰਵਾਹੀ ਦਾ ਫਾਇਦਾ ਉਠਾ ਕੇ ਥਾਣਾ ਦੀ ਕੰਧ ਟੱਪ ਕੇ ਖੇਤਾ ਵੱਲ ਭੱਜ ਗਿਆ।ਜਿਸ ਤੇ ਹੌਲਦਾਰ ਕੁਲਦੀਪ ਸਿੰਘ 1604/ਸੰਗ:, ਪੀ.ਐਚ.ਜੀ ਨਸੀਬ ਚੰਦ 48262 ਅਤੇ ਦੋਸੀ ਦਲਜੀਤ ਸਿੰਘ ਉਕਤ ਦੇ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। |
| 3) | ਮੁੱ:ਨੰ: 139<br>ਮਿਤੀ: 26-05-19<br>ਅ/ਧ 22,29/61/ 85 NDPS Act<br>ਥਾਣਾ ਸਦਰ ਧੂਰੀ | ਇੰਨ: ਸਤਨਾਮ ਸਿੰਘ I/C CIA B.S Wala ਮੋ:80545-45151 | 1.ਇੰਤਸਾਬ ਆਲਮ ਪੁੱਤਰ ਮਹਿਮੂਦ ਅਲੀ ਵਾਸੀ ਮੁਹੱਲਾ ਸੇਖਾ ਦਿੱਲੀ ਗੇਟ ਮਲੇਰਕੋਟਲਾ 2.ਗਫੂਰਾ ਉਰਫ ਅਲੀ ਪੁੱਤਰ ਮੁੰਹਮਦ ਦੀਨ ਵਾਸੀ ਮੁੱਹਲਾ ਰਾਉਵਾਲਾ,ਸਰੌਦ ਰੋਡ ਮਲੇਰਕੋਟਲਾ | ਇੰਨ: ਸਤਨਾਮ ਸਿੰਘ I/C CIA B.S Wala ਸਮੇਤ ਪੁਲਿਸ ਪਾਰਟੀ ਦੇ ਬੱਸ ਅੱਡਾ ਪਿੰਡ ਲੱਡਾ ਥਾਣਾ ਸਦਰ ਧੂਰੀ ਮੌਜੂਦ ਸੀ ਤਾ ਮੁਖਬਰ ਖਾਸ ਨੇ ਮਨ: ਇੰਨ: ਪਾਸ ਅਲਹਿਦਗੀ ਵਿੱਚ ਆਕਰ ਇਤਲਾਹ ਦਿੱਤੀ ਕਿ ਇੰਤਸਾਬ ਆਲਮ ਪੁੱਤਰ ਮਹਿਮੂਦ ਅਲੀ ਵਾਸੀ ਮੁਹੱਲਾ ਸੇਖਾ ਦਿੱਲੀ ਗੇਟ ਮਲੇਰਕੋਟਲਾ ਜੋ ਗਫੂਰਾ ਉਰਫ ਅਲੀ ਪੁੱਤਰ ਮੁੰਹਮਦ ਦੀਨ ਵਾਸੀ ਮੁੱਹਲਾ ਰਾਉਵਾਲਾ,ਸਰੌਦ ਰੋਡ ਮਲੇਰਕੋਟਲਾ ਪਾਸੋ ਭਾਰੀ ਮਾਤਰਾ ਵਿੱਚ ਨਸ਼ੀਲੀਆ ਗੋਲੀਆ ਲਿਆ ਕਰ ਅੱਗੇ ਵੇਚਦਾ ਹੈ ਅਤੇ ਅੱਜ ਵੀ ਇੰਤਸਾਬ ਆਲਮ ਉਕਤ ਆਪਣੀ ਕਾਰ ਨੰਬਰ PB-28-G-2624 ਮਾਰਕਾ K-10 ਰੰਗ ਚਿੱਟਾ ਤੇ ਸਵਾਰ ਹੋ ਕੇ ਦੋਸ਼ੀ ਗਫੂਰਾ ਉਰਫ ਅਲੀ ਪੁੱਤਰ ਮੁੰਹਮਦ ਭਾਰੀ ਮਾਤਰਾ ਵਿੱਚ ਨਸੀਲੀਆ ਗੋਲੀਆਂ ਲੈ ਕੇ ਅੱਗੇ ਸਪਲਾਈ ਕਰਨ ਲਈ ਵਾਇਆ ਧੂਰੀ ਹੁੰਦਾ ਹੋਇਆ ਸੰਗਰੂਰ ਸਹਿਰ ਵੱਲ ਜਾਵੇਗਾ।ਇਤਲਾਹ ਸੱਚੀ ਅਤੇ ਭਰੋਸੇਯੋਗ ਹੋਣ ਪਰ ਇੰਤਸਾਬ ਆਲਮ ਅਤੇ ਗਫੂਰਾ ਉਰਫ ਅਲੀ ਉਕਤ ਪਾਸੋਂ ਦੌਰਾਨੇ ਨਾਕਾਬੰਦੀ ਦੋਸ਼ੀ ਇੰਤਸਾਬ ਆਲਮ ਉਕਤ ਨੂੰ ਸਮੇਤ 8000 ਨਸ਼ੀਲੀਆ ਗੋਲੀਆ ਮਾਰਕਾ Tramadol Prolonged Release Tablets Colvidol-100 SR ਅਤੇ ਕਾਰ ਨੰਬਰੀ PB-28-G-2624 ਮਾਰਕਾ K-10 ਰੰਗ ਚਿੱਟਾ ਦੇ ਕਾਬੂ ਕੀਤਾ ਗਿਆ। |

| | | | | |
|---|---|---|---|---|
| 4) | ਮੁੱ:ਨੰ: 87<br>ਮਿਤੀ 26-05-19<br>ਅ/ਧ 498-ਏ,406, 323 IPC ਥਾਣਾ ਸਦਰ ਸੰਗਰੂਰ | ਹੁਕਮ ਨੰਬਰੀ 2408/ਪੀ ਮਿਤੀ 18.03.19 ਦਰਖਾਸਤ ਵੱਲੋ ਅਮਨਦੀਪ ਕੌਰ ਪਤਨੀ ਗੁਰਧਿਆਨ ਸਿੰਘ ਵਾਸੀ ਘਨੌੜ ਜੱਟਾ ਹਾਲ ਖੇੜੀ<br>ਮੋ:81462-76385 | ਗੁਰਧਿਆਨ ਸਿੰਘ ਪੁੱਤਰ ਜਗਮੇਲ ਸਿੰਘ ਵਾਸੀ ਘਨੌੜ ਜੱਟਾਂ | ਇਹ ਮੁਕੱਦਮਾ ਹੁਕਮ ਨੰਬਰ 2408/ਪੀ ਮਿਤੀ 18.03.19 ਦਰਖਾਸਤ ਵੱਲੋ ਅਮਨਦੀਪ ਕੌਰ ਪਤਨੀ ਗੁਰਧਿਆਨ ਸਿੰਘ ਵਾਸੀ ਘਨੌੜ ਜੱਟਾ ਹਾਲ ਖੇੜੀ 81462-76385 ਬਰਖਿਲਾਫ ਗੁਰਧਿਆਨ ਸਿੰਘ ਪੁੱਤਰ ਜਗਮੇਲ ਸਿੰਘ ਵਾਸੀ ਘਨੌੜ ਜੱਟਾਂ ਦਰਜ ਰਜਿਸਟਰ ਕੀਤਾ ਗਿਆ।ਦਰਖਾਸਤ ਦੀ ਪੜਤਾਲ ਉਪਰੰਤ ਬਰਖਿਲਾਫ ਧਿਰ ਗੁਰਧਿਆਨ ਸਿੰਘ ਦਾ ਦਰਖਾਸਤੀ ਅਮਨਦੀਪ ਕੌਰ ਨੂੰ ਕੁੱਟਮਾਰ ਕਰਨਾ ,ਸਰੀਰਿਕ ਅਤੇ ਮਾਨਸਿਕ ਤਸੀਹੇ ਦੇਣਾ ਪਾਇਆ ਗਿਆ ਹੈ।ਦਰਖਾਸਤੀ ਅਮਨਦੀਪ ਕੌਰ ਦਾ ਵਿਆਹ ਸਮੇ ਦਿੱਤਾ ਇਸਤਰੀ ਧਨ ਗੁਰਧਿਆਨ ਸਿੰਘ ਦੇ ਘਰ ਪਿਆ ਹੈ।ਗੁਰਧਿਆਨ ਸਿੰਘ ਦਰਖਾਸਤੀ ਅਮਨਦੀਪ ਕੌਰ ਨੂੰ ਦਾਜ ਦਹੇਜ ਦੀ ਮੰਗ ਕਰਕੇ ਤੰਗ ਪਰੇਸ਼ਾਨ ਕਰਦਾ ਹੈ ਅਤੇ ਕੁੱਟਦਾ ਮਾਰਦਾ ਹੈ।ਜਿਸਤੇ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। |
| 5) | ਮੁੱ:ਨੰ: 105<br>ਮਿਤੀ 26-05-19<br>ਅ/ਧ 379 IPC ਥਾਣਾ ਸਿਟੀ ਸੰਗਰੂਰ | ਸੁਖਰਾਮ ਪੁੱਤਰ ਛਿੰਦਾ ਰਾਮ ਵਾਸੀ ਸੋਹੀਆ ਰੋਡ ਰਾਜਗੜ ਬਸਤੀ ਸੰਗਰੂਰ<br>ਮੋ:98557-56169 | ਨਾ ਮਾਲੂਮ ਵਿਅਕਤੀ / ਵਿਅਕਤੀਆ | ਮਿਤੀ 21-4-19 ਨੂੰ ਵਕਤ ਕਰੀਬ 11 ਵਜੇ ਮੁਦਈ ਮੁਕੱਦਮਾ ਮੋਟਰ ਸਾਇਕਲ ਨੰਬਰੀ PB-13AB-4823 ਮਾਰਕਾ ਸਪਲੈਂਡਰ ਪਲੱਸ ਪਰ ਸਵਾਰ ਹੋ ਕੇ ਪਰੈਕਟਸ ਕਰਨ ਲਈ ਬਨਾਸਰ ਬਾਗ ਸੰਗਰੂਰ ਗਿਆ ਸੀ ਅਤੇ ਮੋਟਰ ਸਾਇਕਲ ਨੰਬਰੀ ਉਕਤ ਨੂੰ ਬਨਾਸਰ ਬਾਗ ਦੇ ਗੇਟ ਪਰ ਖੜਾ ਕੀਤਾ ਸੀ । ਜਦੋ ਮੁਦਈ ਨੇ ਅੱਧਾ ਘੰਟੇ ਬਾਅਦ ਵਾਪਸ ਆ ਕੇ ਦੇਖਿਆ ਤਾ ਮੁਦਈ ਦਾ ਉਕਤ ਨੰਬਰੀ ਮੋਟਰ ਸਾਇਕਲ ਉਥੇ ਨਹੀ ਸੀ ।ਜਿਸ ਦੀ ਮੁਦਈ ਮੁਕੱਦਮਾ ਹੁਣ ਤੱਕ ਭਾਲ ਕਰਦਾ ਰਿਹਾ ਪਰ ਕੁਝ ਪਤਾ ਨਹੀ ਲੱਗਾ । |
| 6) | ਮੁੱ:ਨੰ: 88<br>ਮਿਤੀ 26-05-19<br>ਅ/ਧ 341,323, 34,506 IPC ਥਾਣਾ ਸਿਟੀ ਸੁਨਾਮ | ਬਰਬਿਆਨ ਰੀਟਾ ਰਾਣੀ ਪਤਨੀ ਸੁਨੀਲ ਕੁਮਾਰ ਕੌਮ ਬਾਲਮੀਕ ਵਾਸੀ ਬਾਲਮੀਕ ਬਸਤੀ ਸੁਨਾਮ<br>ਮੋ:85919-21577 | 1.ਅਨੀਤਾ ਰਾਣੀ ਪਤਨੀ ਰਾਜੇਸ ਕੁਮਾਰ<br>2.ਰਾਜੇਸ ਕੁਮਾਰ ਪੁੱਤਰ ਲਾਲਚੰਦ ਵਾਸੀਆਨ ਬਾਲਮੀਕ ਮੁਹੱਲਾ ਸੁਨਾਮ | ਇਹ ਮੁਕੱਦਮਾ ਬਰਬਿਆਨ ਰੀਟਾ ਰਾਣੀ ਪਤਨੀ ਸੁਨੀਲ ਕੁਮਾਰ ਕੌਮ ਬਾਲਮੀਕ ਵਾਸੀ ਬਾਲਮੀਕ ਬਸਤੀ ਸੁਨਾਮ ਬਰਖਿਲਾਫ ਅਨੀਤਾ ਰਾਣੀ ਪਤਨੀ ਰਾਜੇਸ ਕੁਮਾਰ,ਰਾਜੇਸ ਕੁਮਾਰ ਪੁੱਤਰ ਲਾਲਚੰਦ ਵਾਸੀਆਨ ਬਾਲਮੀਕ ਮੁਹੱਲਾ ਸੁਨਾਮ ਦੇ ਦਰਜ ਰਜਿਸਟਰ ਕਰਾਇਆ ਗਿਆ ਹੈ । ਮਿਤੀ 24-5-19 ਨੂੰ ਵਕਤ 6:30ਪੀ.ਐਮ. ਵਜੇ ਦੋਸੀ ਰਾਜੇਸ ਕੁਮਾਰ ਮੁਦਈ ਮੁਕੱਦਮਾ ਦੇ ਘਰ ਅੱਗੇ ਜਾ ਕੇ ਗੰਦੀਆ ਗਾਲਾ ਕੱਢ ਕੇ ਆਪਣੇ ਘਰ ਚਲਾ ਗਿਆ ਤਾ ਮੁਦਈ ਮੁਕੱਦਮਾ ਰੀਟਾ ਰਾਣੀ ਉਲਾਂਭਾ ਦੇਣ ਲਈ ਦੋਸੀਆਨ ਉਕਤਾਨ ਦੇ ਘਰ ਗਈ ਤਾ ਦੋਸੀਆਨ ਉਕਤਾਨ ਨੇ ਮੁਦਈ ਮੁਕੱਦਮਾ ਨੂੰ ਆਪਣੇ ਘਰ ਅੰਦਰ ਘੇਰ ਕੇ ਕੁੱਟ ਮਾਰ ਕੀਤੀ ਜਿਸ ਨਾਲ ਮੁਦਈ ਮੁਕੱਦਮਾ ਦੇ ਸੱਟਾ ਲੱਗੀਆ ਸੱਟਾ ਲੱਗਣ ਕਰਕੇ ਦਾਖਲ ਸਿਵਲ ਹਸਪਤਾਲ ਸੁਨਾਮ ਦਾਖਲ ਹੋਈ ਸੀ । |
| 7) | ਮੁੱ:ਨੰ: 63<br>ਮਿਤੀ 26-05-19<br>ਅ/ਧ 22/61/85 NDPS ACT ਥਾਣਾ ਲੋਗੋਵਾਲ | SI ਜਗਦੀਸ ਸਿੰਘ 1076/PTL ਐਟੀ ਨਾਰਕੋਟਿਕ ਸੈਲ ਸੰਗਰੂਰ<br>ਮੋ:98147-29027 | ਬੇਅੰਤ ਸਿੰਘ ਉਰਫ ਲਾਡੀ ਪੁੱਤਰ ਚੇਤ ਸਿੰਘ ਵਾਸੀ ਝਾੜੋ ਪੱਤੀ ਲੌਗੋਵਾਲ | ਇਹ ਮੁਕੱਦਮਾ SI ਜਗਦੀਸ ਸਿੰਘ 1076/PTL ਐਟੀ ਨਾਰਕੋਟਿਕ ਸੈਲ ਸੰਗਰੂਰ ਨੇ ਸਮੇਤ ਪੁਲਿਸ ਪਾਰਟੀ ਦੇ ਬਾ ਹੱਦ ਬਹਾਦਰਪੁਰ ਵਿਖੇ ਮੁੱਖਬਰ ਖਾਸ ਦੀ ਇਤਲਾਹ ਮਿਲਣ ਪਰ ਦੋਸ਼ੀ ਬੇਅੰਤ ਸਿੰਘ ਉਰਫ ਲਾਡੀ ਪੁੱਤਰ ਚੇਤ ਸਿੰਘ ਵਾਸੀ ਝਾੜੋ ਪੱਤੀ ਲੌਗੋਵਾਲ ਦੇ ਖਿਲਾਫ ਦਰਜ ਰਜਿਸਟਰ ਕਰਵਾਇਆ ਕਿ ਦੋਸੀ ਉਕਤ ਨਸ਼ੀਲੇ ਟੀਕੇ ਬਾਹਰੋ ਲਿਆ ਕੇ ਵੇਚਦਾ ਹੈ, ਮੁਕੱਦਮਾ ਦਰਜ ਕਰਨ ਉਪਰੰਤ ਅਗਲੀ ਤਫਤੀਸ ਲਈ SI ਜਗਰੂਪ ਸਿੰਘ 1251/PTL ਪੁਲਿਸ ਚੌਕੀ ਬਡਰੁੱਖਾ ਨੂੰ ਮੌਕਾ ਪਰ ਭੇਜਿਆ ਜਿਸਨੇ ਬਾ ਪੁਲ ਸੂਆ ਬਾ- ਹੱਦ ਕੁਨਰਾ ਵਿਖੇ ਨਾਕਾਬੰਦੀ ਕਰਕੇ ਬੇਅੰਤ ਸਿੰਘ ਉਰਫ ਲਾਡੀ ਨੂੰ ਹਸਬ ਜਾਬਤਾ ਗ੍ਰਿਫਤਾਰ ਕੀਤਾ ,ਜਿਸ ਪਾਸੋਂ 25 ਨਸ਼ੀਲੇ ਟੀਕੇ ਮਾਰਕਾ Buprenorphine Injection IP LEEGESIC ਬਰਾਮਦ ਹੋਏ। |
| 8) | ਮੁੱ:ਨੰ: 118<br>ਮਿਤੀ 26-05-19<br>ਅ/ਧ 447,511, 149,506,120 ਬੀ IPC<br>ਥਾਣਾ ਲਹਿਰਾ | ਗੁਰਮੀਤ ਕੌਰ ਪਤਨੀ ਗਮਦੂਰ ਸਿੰਘ ਪੁਤਰ ਹਰਨੇਕ ਸਿੰਘ ਵਾਸੀ ਰਾਮਪੁਰਾ ਕੋਠੇ ਥਾਣਾ ਛਾਜਲੀ ਜਿਲ੍ਹਾ ਸੰਗਰੂਰ<br>ਮੋ:94643-13915 | 1. ਗੁਰਤੇਜ ਸਿੰਘ, 2. ਗਮਦੂਰ ਸਿੰਘ ,3 ਹਰਿਕ੍ਰਿਸ਼ਨ ਸਿੰਘ ,<br>4. ਮੇਵਾ ਸਿੰਘ ,<br>5.ਜਗਤਾਰ ਸਿੰਘ ਪੁਤਰਾਨ ਸੰਤਾ ਸਿੰਘ ,<br>6. ਅਜੈਬ ਸਿੰਘ , 7. ਨੈਬ | ਇਹ ਮੁਕਦਮਾ ਬਰਬਿਆਨ ਗੁਰਮੀਤ ਕੌਰ ਪਤਨੀ ਗਮਦੂਰ ਸਿੰਘ ਪੁਤਰ ਹਰਨੇਕ ਸਿੰਘ ਵਾਸੀ ਰਾਮਪੁਰਾ ਕੋਠੇ ਥਾਣਾ ਛਾਜਲੀ ਜਿਲ੍ਹਾ ਸੰਗਰੂਰ ਬਰਖਿਲਾਫ ਗੁਰਤੇਜ ਸਿੰਘ,ਗਮਦੂਰ ਸਿੰਘ ,ਹਰਿਕ੍ਰਿਸ਼ਨ ਸਿੰਘ ,ਮੇਵਾ ਸਿੰਘ ,ਜਗਤਾਰ ਸਿੰਘ ਪੁਤਰਾਨ ਸੰਤਾ ਸਿੰਘ ,ਅਜੈਬ ਸਿੰਘ , ਨੈਬ ਸਿੰਘ ਪੁਤਰਾਨ ਹਰਿਕ੍ਰਿਸ਼ਨ ਸਿੰਘ ,ਹਰਮਨ ਸਿੰਘ ,ਹਰਪ੍ਰੀਤ ਸਿੰਘ ਪੁਤਰਾਨ ਮੇਵਾ |

| | | | | |
|---|---|---|---|---|
| | | | ਸਿੰਘ ਪੁਤਰਾਨ ਹਰਿਕ੍ਰਿਸ਼ਨ ਸਿੰਘ ,<br>( ਵਗੈਰਾ ) | ਸਿੰਘ , ਅਮ੍ਰਿਤਪਾਲ ਸਿੰਘ ਪੁਤਰ ਗੁਰਤੇਜ ਸਿੰਘ , ਪਰਮਜੀਤ ਸਿੰਘ , ਮਿਠੂ ਸਿੰਘ ਪੁਤਰਾਨ ਗਮਦੂਰ ਸਿੰਘ , ਰਾਜੂ ਸਿੰਘ ਪੁਤਰ ਜਗਤਾਰ ਸਿੰਘ ਵਾਸੀਆਨ ਰਾਏਧਰਾਣਾ ਦੇ ਦਰਜ ਰਜਿਸਟਰ ਹੋਇਆ।ਮੁਦਈ ਮੁਕਦਮਾ ਦੇ ਪਿਤਾ ਗੁਰਜੰਟ ਸਿੰਘ ਉਕਤ ਨੇ ਆਪਣੀ ਮਾਲਕੀ ਜਮੀਨ ਬਾ ਹੱਦ ਪਿੰਡ ਰਾਏਧਰਾਣਾ ਵਿਚੋ ਮੁਦਈ ਮੁਕੱਦਮਾ ਦੀ ਮਾਤਾ ਸੀਤੋ ਕੌਰ ਅਤੇ ਭੈਣ ਪਰਮਜੀਤ ਕੌਰ ਅਤੇ ਮੁਦਈ ਮੁਕੱਦਮਾ ਦੇ ਨਾਮ ਪਰ 1/1 ਕਿਲਾ ਜਮੀਨ ਨਾਮ ਕਰਵਾ ਦਿੱਤੀ ਸੀ ਜਿਸਨੂੰ ਮੁਦਈ ਮੁਕੱਦਮਾ ਕਾਫੀ ਸਮੇ ਤੋ ਵਾਹੁੰਦੇ ਬੀਜਦੇ ਸੀ ।ਜੋ ਕਿ ਜਮੀਨ ਸਾਂਝੀ ਖੇਵਟ ਹੋਣ ਕਰਕੇ ਉਕਤਾਨ ਦੋਸ਼ੀਆਨ ਤੰਗ ਪ੍ਰੇਸ਼ਾਨ ਕਰਦੇ ਸੀ ਅਤੇ ਜਮੀਨ ਦੀਆਂ ਵੱਟਾਂ ਵੱਢਣ ਲੱਗ ਪਏ ਸੀ ।ਜੋ ਕਿ ਅੱਜ ਮਿਤੀ 26.5.19 ਨੂੰ ਮੁਦਈ ਮੁਕਦਮਾ ਨੂੰ ਪਤਾ ਲਗਾ ਕਿ ਭਾਈ ਵੰਡ ਵਾਲੀ ਜਮੀਨ 3 ਕਿਲੇ ਪਰ ਉਕਤਾਨ ਦੋਸ਼ੀਆਂਨ ਵਲੋ ਕਬਜਾ ਕਰਨ ਦੀ ਨੀਅਤ ਨਾਲ ਆਏ ਤੇ ਟਰੈਕਟਰ ਫਾਰਮਟ੍ਰੈਕ ਨਾਲ ਜਮੀਂਨ ਵਾਹ ਦਿਤੀ ।ਮੁਦਈ ਮੁਕੱਦਮਾ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਵੀ ਦਿਤੀਆਂ ਗਈਆ। |